# तेरी जै जैकार

तेरी जय जैकार, संगता ने बोलियां,
ते मुरादा नाल, भर लईआं झोलियाँ।।
जो भी प्रीत मईया जोड़े, दुःख उसदे तू तोड़े।।
ताहिओ चरणा च दिल लग्गे मेरा,
दिल विच स्वर्गा दी इच्छा मुक्क गई,
दर वेख के अमड़िये तेरा।।

भवना दी शान तेरे भगता नू मोह लयेगी,
देव लोक नालो सोहने द्वार जदो खोलेगी।।
दूर होव एथे आके दुःखा दा हनेरा।।
आवे सूखा नाल सोहना सवेरा,
दिल विच स्वर्गा दी इच्छा मुक्क गई,
दर वेख के अमड़िये तेरा।।

धरती आकाश चन्न तारे, जय जय बोलदे,
देवते भी अंबरा चो चवर ने जोहलदे।।
रहमत तेरी ए मईया, अपर अपार।।
जे तू कर लवे दिल च बसेरा,
दिल विच स्वर्गा दी इच्छा मुक्क गई,
दर वेख के अमड़िये तेरा।।

तीन लोका नालो शान, दर दी निराली ए,
राजे महाराजे तेरे दर दे सवाली ए।।
तेरे दरबार जदो खुशियां मिलन।।
होर किस दर जाऊ दस केहड़ा,
दिल विच स्वर्गा दी इच्छा मुक्क गई,
दर वेख के अमड़िये तेरा।।

तेरी ज्योत साँवे जिहना, धुनिया रमाईआ ने,
मंगिया मुरादा मेहरावाली कोलो पाईया ने।।
हो गया सिकंदर ता दर दा गुलाम।।
नाले करमा भी बचड़ा तेरा,
दिल विच स्वर्गा दी इच्छा मुक्क गई,
दर वेख के अमड़िये तेरा।।

**ਤੇਰੀ ਜੈ ਜੈਕਾਰ, ਸੰਗਤਾਂ ਨੇ 'ਬੋਲੀਆਂ' |**
**ਤੇ ਮੁਰਾਦਾਂ ਨਾਲ, ਭਰ ਲਈਆਂ 'ਝੋਲੀਆਂ' ॥**
**ਜੋ ਵੀ 'ਪ੍ਰੀਤ ਮਈਆ ਜੋੜੇ, ਦੁੱਖ ਓਸ ਦੇ ਤੂੰ ਤੋੜੇ ॥,**
**ਤਾਂਹੀਓਂ ਚਰਨਾਂ 'ਚ, ਦਿਲ ਲੱਗੇ "ਮੇਰਾ",,,**
**ਦਿਲ ਵਿੱਚ, ਸਵਰਗਾਂ ਦੀ, ਇੱਛਾ ਮੁੱਕ ਗਈ,**
**ਦਰ, ਵੇਖ ਕੇ ਅੰਮੜੀਏ ਤੇਰਾ ॥**

ਭਵਨਾਂ ਦੀ ਸ਼ਾਨ ਤੇਰੇ, ਭਗਤਾਂ ਨੂੰ ਮੋਹ ਲਏਗੀ*,
ਦੇਵ ਲੋਕ ਨਾਲੋਂ ਸੋਹਣੇ, "ਦਵਾਰ ਜਦੋਂ ਖੋਲ੍ਹੇਗੀ" ॥
ਦੂਰ ਹੋਵੇ, ਏਥੇ ਆ ਕੇ, ਦੁੱਖਾਂ ਦਾ ਹਨੇਰਾ ॥*॥,
ਆਵੇ ਸੁੱਖਾਂ ਨਾਲ, "ਸੋਹਣ ਸਵੇਰਾ",,,
ਦਿਲ ਵਿੱਚ, ਸਵਰਗਾਂ ਦੀ, ਇੱਛਾ ਮੁੱਕ ਗਈ,
ਦਰ, ਵੇਖ ਕੇ ਅੰਮੜੀਏ ਤੇਰਾ ॥

ਧਰਤੀ ਅਕਾਸ਼-ਚੰਨ, ਤਾਰੇ ਜੈ ਜੈ ਬੋਲਦੇ*,
ਦੇਵਤੇ ਵੀ ਅੰਬਰਾਂ ਚੋਂ, "ਚਵਰ ਨੇ ਝੋਹਲਦੇ" ॥
ਰਹਿਮਤ, ਤੇਰੀ ਏ ਮਈਆ, ਅਪਰ ਅਪਾਰ ॥*॥,
ਜੇ ਤੂੰ ਕਰ ਲਵੇ, ਦਿਲ 'ਚ "ਬਸੇਰਾ",,,
ਦਿਲ ਵਿੱਚ, ਸਵਰਗਾਂ ਦੀ, ਇੱਛਾ ਮੁੱਕ ਗਈ,
ਦਰ, ਵੇਖ ਕੇ ਅੰਮੜੀਏ ਤੇਰਾ ॥

ਤਿੰਨ ਲੋਕਾਂ ਨਾਲੋਂ ਸ਼ਾਨ, ਦਰ ਦੀ ਨਿਰਾਲੀ ਏ*,
ਰਾਜੇ ਮਹਾਂਰਾਜੇ ਤੇਰੇ, "ਦਰ ਦੇ ਸਵਾਲੀ ਏ" ॥
ਤੇਰੇ ਦਰਬਾਰ ਜਦੋਂ, ਖੁਸ਼ੀਆਂ ਮਿਲਣ ॥*॥,
ਹੋਰ, ਕਿਸ ਦਰ ਜਾਊ, ਦੱਸ "ਕੇਹੜਾ",,,
ਦਿਲ ਵਿੱਚ, ਸਵਰਗਾਂ ਦੀ, ਇੱਛਾ ਮੁੱਕ ਗਈ,
ਦਰ, ਵੇਖ ਕੇ ਅੰਮੜੀਏ ਤੇਰਾ ॥

ਤੇਰੀ ਜੋਤ ਸਾਂਵੇ ਜਿਹਨਾਂ, ਧੂਣੀਆਂ ਰਮਾਈਆਂ ਨੇ*,
ਮੰਗੀਆਂ ਮੁਰਾਦਾਂ, "ਮੇਹਰਾਂਵਾਲੀ ਕੋਲੋਂ ਪਾਈਆਂ ਨੇ" ॥
ਹੋ ਗਿਆ ਸਿਕੰਦਰ ਤਾਂ, ਦਰ ਦਾ ਗੁਲਾਮ ॥*॥,
ਨਾਲੇ, ਕਰਮਾ ਵੀ ਬੱਚੜਾ "ਤੇਰਾ",,,
ਦਿਲ ਵਿੱਚ, ਸਵਰਗਾਂ ਦੀ, ਇੱਛਾ ਮੁੱਕ ਗਈ,
ਦਰ, ਵੇਖ ਕੇ ਅੰਮੜੀਏ ਤੇਰਾ ॥॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/23551/title/teri-jai-jaikar

अपने Android मोबाइल पर BhajanGanga App डाउनलोड करें और भजनों का आनंद ले |